ਮਿੱਠੇ ਬੱਚੇ:- "ਮਿੱਠੇ ਬੱਚੇ :-ਇਕ ਬਾਪ ਦੇ ਨਾਲ ਸੱਚੀ ਮੁਹੱਬਤ ਹੋਵੇ ਤਾ ਬਾਪ ਤੁਹਾਨੂੰ ਨਾਲ ਲੈ ਜਾਣਗੇ। ਸਾਰਿਆਂ ਪਾਪਾਂ ਤੋਂ ਮੁਕਤ ਕਰ ਦੇਣਗੇ, ਸਵਰਗ ਦਾ ਮਾਲਿਕ ਬਣਾ ਦੇਣਗੇ।"

ਪ੍ਰਸ਼ਨ:- ਆਪਣੇ ਆਪ ਨੂੰ ਖੁਸ਼ੀ ਵਿਚ ਰੱਖਣ ਦੇ ਲਈ ਕਿਹੜੀ ਮੁੱਖ ਧਾਰਨਾ ਚਾਹੀਦੀ ਹੈ?

ਉੱਤਰ:- ਖੁਸ਼ੀ ਵਿਚ ਤਾਂ ਹੀ ਰਹਿ ਸਕਦੇ ਹਾਂ ਜੇਕਰ ਆਪਣੇ ਆਪ ਨਾਲ ਰੂਹ ਰਿਹਾਨ ਕਰਨਾ ਆਉਂਦਾ ਹੋਵੇ। ਕਿਸੇ ਵੀ ਚੀਜ਼ ਵਿਚ ਲਗਾਵ ਨਾ ਹੋਵੇ। ਦੋ ਰੋਟੀ ਪੇਟ ਨੂੰ ਮਿਲੇ, ਬਸ ਐਸੀ ਅਨਾਸਕਤ ਵਿਰਤੀ ਦੀ ਧਾਰਨਾ ਹੋਵੇ ਤਾਂ ਹੀ ਖੁਸ਼ ਰਹਿ ਸਕਦੇ ਹਾਂ। ਗਿਆਨ ਦਾ ਚਿੰਤਨ ਮਨਨ ਕਰ ਖੁਦ ਨੂੰ ਖੁਸ਼ ਰੱਖੋ। ਤੁਸੀਂ ਕਰਮ ਯੋਗੀ ਹੋ, ਕਰਮ ਕਰਦੇ, ਖਾਣਾ ਆਦਿ ਖਾਂਦੇ, ਘਰ ਦਾ ਕੰਮ ਕਰਦੇ ਵੀ ਬਾਪ ਨੂੰ ਯਾਦ ਕਰੋ। ਸਵਦਰਸ਼ਨ ਚੱਕਰ ਬੁੱਧੀ ਵਿਚ ਘੁੰਮਦਾ ਰਹੇ ਤਾ ਬਹੁਤ ਖੁਸ਼ੀ ਰਹੇਗੀ ।

ਗੀਤ:- ਨਾ ਵੋ ਹਮ ਸੇ ਜੁਦਾ ਹੋਂਗੇ।

ਓਮ ਸ਼ਾਂਤੀ। ਮਿੱਠੇ ਮਿੱਠੇ ਬੱਚਿਆਂ ਨੇ ਗੀਤ ਸੁਣਿਆ। ਇਹ ਹੈ ਬੱਚਿਆਂ ਦੀ ਅਤੇ ਆਤਮਾਵਾਂ ਦੀ ਆਪਣੇ ਪਰਮਪਿਤਾ ਪਰਮਾਤਮਾ ਦੇ ਨਾਲ ਰੂਹਾਨੀ ਮੁਹੱਬਤ ਇਹ ਰੂਹਾਨੀ ਮੁਹੱਬਤ ਸਿਰਫ ਤੁਹਾਡੀ ਬ੍ਰਾਹਮਣ ਬੱਚਿਆਂ ਦੀ ਹੁੰਦੀ ਹੈ। ਤੁਸੀਂ ਆਪਣੇ ਨੂੰ ਆਤਮਾ ਨਿਸ਼ਚਿਤ ਕਰਦੇ ਹੋ। ਪਰੰਤੂ ਜਦੋ ਕਹਿੰਦੇ ਹਨ ਕਿ ਆਤਮਾ ਸੋ ਪਰਮਾਤਮਾ ਤਾਂ ਆਤਮਾ ਕਿਸ ਦੇ ਨਾਲ ਮੁਹੱਬਤ ਰੱਖੇ। ਮੁਹੱਬਤ ਹੁੰਦੀ ਹੈ ਬੱਚਿਆਂ ਦੀ ਬਾਪ ਦੇ ਨਾਲ। ਬਾਪ ਦੀ ਮੁਹੱਬਤ ਨਹੀਂ ਹੁੰਦੀ। ਹੁਣ ਤੁਸੀਂ ਸਮਝਦੇ ਹੋ, ਅਸੀਂ ਆਤਮਾਵਾਂ ਆਪਣੇ ਪਰਮਪਿਤਾ ਦੇ ਨਾਲ ਮੁਹੱਬਤ ਜੋੜ ਰਹੇ ਹਾਂ। ਇਹ ਮੁਹੱਬਤ ਹੀ ਤੁਹਾਨੂੰ ਨਾਲ ਲੈ ਜਾਂਦੀ ਹੈ। ਤੁਸੀਂ ਰੂਹਾਨੀ ਮੁਹੱਬਤ ਬਾਪ ਦੇ ਨਾਲ ਰੱਖਦੇ ਹੋ ਤਾਂ ਤਕਲੀਫ ਵੀ ਸਹਿਣ ਕਰਨੀ ਪੈਂਦੀ ਹੈ। ਸਾਰੀ ਦੁਨੀਆ, ਘਰ ਦੇ ਭਾਤੀ ਆਦਿ ਸਭ ਦੁਸ਼ਮਨ ਬਣ ਜਾਂਦੇ ਹਨ।

ਬੱਚਿਆਂ ਨੂੰ ਸਮਝਾਇਆ ਹੈ ਕਿ ਪਤਿਤ ਪਾਵਨੀ ਗੰਗਾ ਨਹੀਂ ਹੈ। ਮਨੁੱਖ ਪਵਿੱਤਰ ਹੋਣ ਦੇ ਵਿਚਾਰ ਨਾਲ ਗੰਗਾ ਜਾਂ ਜਮੁਨਾ ਦੇ ਤਟ ਤੇ ਹਰਿਦਵਾਰ ਕਾਸ਼ੀ ਵਿਚ ਜਾ ਕੇ ਬੈਠਦੇ ਹਨ। ਮੁੱਖ ਜਗ੍ਹਾ ਇਹ ਦੋ ਹੀ ਹਨ। ਕਹਿੰਦੇ ਹਨ, ਹੇ ਪਤਿਤ ਪਾਵਨੀ ਗੰਗਾ। ਹੁਣ ਉਹ ਗੰਗਾ ਤਾਂ ਸੁਣਦੀ ਹੀ ਨਹੀਂ। ਸੁਨਾਉਣ ਵਾਲਾ ਤਾਂ ਇਕ ਪਤਿਤ ਪਾਵਨ ਬਾਪ ਹੀ ਹੈ। ਹੁਣ ਤੁਸੀਂ ਉਸ ਬਾਪ ਦੇ ਸਾਮਣੇ ਬੈਠੇ ਹੋ। ਬਾਪ ਦੱਸ ਰਹੇ ਹਨ, ਤੁਸੀਂ ਪਾਵਨ ਕਿਸ ਤਰ੍ਹਾਂ ਬਣ ਸਕਦੇ ਹੋ? ਪਾਣੀ ਦੀ ਗੰਗਾ ਥੋੜੀ ਕਹਿੰਦੀ ਹੈ ਕਿ ਮਾਮੇਕਮ ਯਾਦ ਕਰਨ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਬਾਪ ਕਹਿੰਦੇ ਹਨ - ਮੈਂ ਪ੍ਰਤਿਗਿਆ ਕਰਦਾ ਹਾਂ ਜੇਕਰ ਤੁਸੀਂ ਮੈਨੂੰ ਬਾਪ ਨੂੰ ਯਾਦ ਕਰੋਗੇ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਗਰੰਟੀ ਦਿੰਦੇ ਹਨ, ਗੰਗਾ ਥੋੜੀ ਗਰੰਟੀ ਦੇ ਸਕਦੀ ਹੈ। ਜਿਵੇ ਮਨੁੱਖ ਰਾਵਣ ਨੂੰ ਹਰ ਸਾਲ ਜਲਾਉਂਦੇ ਆਏ ਹਨ, ਪਰ ਰਾਵਣ ਮਰਦਾ ਹੀ ਨਹੀਂ। ਉਸ ਤਰ੍ਹਾਂ ਗੰਗਾ ਵਿਚ ਸਨਾਨ ਵੀ ਜਨਮ ਜਨਮਾਂਤਰ ਕਰਦੇ ਆਏ ਹਨ ਪਰੰਤੂ ਪਤਿਤ ਤੋਂ ਪਾਵਨ ਕੋਈ ਬਣਦਾ ਨਹੀਂ। ਬਾਰ-ਬਾਰ ਸਨਾਨ ਕਰਨ ਜਾਂਦੇ ਰਹਿੰਦੇ ਹਨ। ਇਕ ਵਾਰ ਪਾਵਨ ਬਣੇ ਤਾ ਫਿਰ ਕਿਓਂ ਜਾਂਦੇ ਹਨ ਸਨਾਨ ਕਰਨ? ਕਿਤਨੇ ਮੇਲੇ ਲਗਦੇ ਹਨ? ਉਨ੍ਹਾਂ ਨੂੰ ਕੋਈ ਆਤਮਾ ਪਰਮਾਤਮਾ ਦਾ ਸੰਗਮ ਥੋੜੀ ਕਹਾਂਗੇ। ਭਗਤੀ ਮਾਰਗ ਵਿਚ ਭੀੜ ਲਗਦੀ ਹੈ ਮੇਲੇ ਤੇ। ਹੁਣ ਤੁਸੀਂ ਬਾਪ ਦੇ ਨਾਲ ਬੁੱਧੀ ਯੋਗ ਲਗਾਉਂਦੇ ਹੋ। ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਆਸ਼ਿਕ ਬਣੀਆਂ ਹਾਂ । ਆਤਮਾ ਹੀ ਭਗਵਾਨ ਨੂੰ ਯਾਦ ਕਰਦੀ ਹੈ ਸ਼ਰੀਰ ਦਵਾਰਾ । ਬਾਬਾ ਕਹਿੰਦੇ ਹਨ ਮੈਂ ਵੀ ਇਸ ਸ਼ਰੀਰ ਦਵਾਰਾ ਤੁਹਾਨੂੰ ਪੜਾ ਰਿਹਾ ਹਾਂ। ਇਸਲਈ ਸਦਾ ਬਾਬਾ ਨੂੰ ਯਾਦ ਕਰਦੇ ਰਹੋ। ਬਾਬਾ ਕਹਿਣ ਨਾਲ ਸਵਰਗ ਜਰੂਰ ਯਾਦ ਆਵੇਗਾ ਅਤੇ ਆਪਣਾ ਮੁਕਤੀਧਾਮ ਘਰ ਵੀ ਯਾਦ ਆਵੇਗਾ। ਮੁਕਤੀਧਾਮ ਨੂੰ ਨਿਰਵਾਨ ਧਾਮ ਵੀ ਕਹਿੰਦੇ ਹਨ। ਇਹ ਹੈ ਸਾਕਾਰੀ ਦੁਨੀਆ। ਜਦੋਂ ਤੱਕ ਆਤਮਾਵਾਂ ਇੱਥੇ ਨਾ ਆਉਣ ਤਾ ਸਾਕਾਰੀ ਦੁਨੀਆ ਕਿਸ ਤਰ੍ਹਾਂ ਵਧੇ? ਆਤਮਾਵਾਂ ਨਿਰਾਕਾਰੀ ਦੁਨੀਆ ਤੋਂ ਆਉਂਦੀਆਂ ਹਨ, ਮਨੁੱਖ ਸ੍ਰਿਸ਼ਟੀ ਵੱਧਦੀ ਜਾਂਦੀ ਹੈ। ਕੋਈ ਸਮਝਦੇ ਹਨ ਨੈਚੁਰਲ(ਕੁਦਰਤੀ) ਹੀ ਵੱਧਦੀ ਰਹਿੰਦੀ ਹੈ। ਤੁਸੀਂ ਜਾਣਦੇ ਹੋ ਆਤਮਾਵਾਂ ਇਥੇ ਆਉਂਦੀਆਂ ਹਨ ਤੇ ਸ੍ਰਿਸ਼ਟੀ ਵੱਧਦੀ ਰਹਿੰਦੀ ਹੈ। ਬੱਚਿਆਂ ਨੂੰ ਪਤਾ ਲੱਗਾ ਹੈ ਕਿ ਸਵੀਟ ਹੋਮ, ਸ਼ਾਂਤੀ ਧਾਮ ਹੈ। ਸ਼ਾਂਤੀ ਤਾਂ ਬਹੁਤ ਲੋਕ ਪਸੰਦ ਕਰਦੇ ਹਨ। ਤੁਸੀਂ ਜਾਣਦੇ ਹੋ ਸ਼ਾਂਤੀਧਾਮ ਤੇ ਸਾਡਾ ਸਵੀਟ ਗੌਡ ਫਾਦਰਲੀ ਹੋਮ ਹੈ। ਭਾਰਤ ਵਾਸੀ ਵਿਲਾਇਤ ਤੋਂ ਵਾਪਿਸ ਆਉਂਦੇ ਹਨ ਤਾਂ ਕਹਿੰਦੇ ਹਨ ਅਸੀਂ ਆਪਣੇ ਸਵੀਟ ਹੋਮ ਭਾਰਤ ਵਿਚ ਜਾਂਦੇ ਹਾਂ। ਜਿਥੇ ਜਨਮ ਲੈਂਦੇ ਹਾਂ ਉਹ ਦੇਸ਼ ਪਿਆਰਾ ਲਗਦਾ ਹੈ। ਕਹਿੰਦੇ ਹਨ ਸਾਨੂੰ ਸਵੀਟ ਹੋਮ ਭਾਰਤ ਵਿਚ ਲੈ ਚੱਲੋ। ਅੱਛਾ, ਸਮਝੋ ਮਰ ਜਾਂਦੇ ਹਾਂ ਤੇ ਆਤਮਾ ਤਾ ਚਲੀ ਗਈ। ਫਿਰ ਸ਼ਰੀਰ ਨੂੰ ਇਥੇ ਲਿਆ ਕੇ ਖਤਮ ਕਰਦੇ ਹਨ। ਸਮਝਦੇ ਹਨ ਕਿ ਭਾਰਤ ਦੀ ਮਿੱਟੀ ਭਾਰਤ ਵਿਚ ਜਾਵੇ। ਨੇਹਰੂ ਨੇ ਸ਼ਰੀਰ ਛੱਡਿਆ ਤਾਂ ਉਸਦੀ ਰਾਖ ਵੇਖੋ ਕਿੱਥੇ - ਕਿੱਥੇ ਲੈ ਗਏ। ਖੇਤਾਂ ਵਿਚ ਸੁੱਟੀ ਸਮਝਦੇ ਹਨ ਖੇਤੀ ਚੰਗੀ ਹੋਵੇਗੀ। ਪਰੰਤੂ ਹਰ ਚੀਜ਼ ਨੂੰ ਉਹ ਕਿੰਨਾ ਵੀ ਮਾਨ ਦੇਣ, ਪੁਰਾਣੀ ਤਾ ਜਰੂਰ ਹੋਵੇਗੀ। ਕਿੰਨੀ ਤਕਲੀਫ ਸਹਿਣ ਕਰ ਰਹੇ ਹਨ। ਬਾਪ ਦਾ ਪਤਾ ਨਹੀਂ ਹੈ, ਤੁਸੀਂ ਬਾਪ ਨੂੰ ਜਾਨ ਕੇ ਬਾਪ ਤੋਂ ਵਰਸਾ ਲੈ ਰਹੇ ਹੋ। ਤਾਂ ਦਿਲ ਕਰਦਾ ਹੈ ਮਿੱਤਰ, ਸੰਬੰਧੀਆ ਆਦਿ ਨੂੰ ਵੀ ਸਵਰਗ ਵਾਸੀ ਬਣਾਈਏ। ਕਿਸੇ ਨੂੰ ਤੁਸੀਂ ਤੁਸੀਂ ਕਹੋ ਸਵਰਗ ਵਾਸੀ ਬਣੋ ਤਾ ਕਹਿਣਗੇ ਕਿ ਤੁਸੀਂ ਮਾਰਨਾ ਚਾਹੁੰਦੇ ਹੋ ਕੀ? ਤੁਸੀਂ ਬੱਚੇ ਜਾਣਦੇ ਹੋ ਕਿ ਸ੍ਰੀਮਤ ਦੇ ਆਧਾਰ ਤੇ ਅਸੀਂ ਸ੍ਰੇਸ਼ਠ ਸਵਰਗ ਵਾਸੀ ਬਣ ਰਹੇ ਹਾਂ। ਦੇਹੀ ਅਭਿਮਾਨੀ ਬਣਨ

ਵਿਚ ਬੜੀ ਮੇਹਨਤ ਲਗਦੀ ਹੈ। ਬਾਰ-ਬਾਰ ਦੇਹ ਅਭਿਮਾਨ ਵਿਚ ਆਕੇ ਬਾਪ ਨੂੰ ਭੁੱਲ ਜਾਂਦੇ ਹੋ। ਹੁਣ ਤੁਸੀਂ ਸਾਮਣੇ ਬੈਠੇ ਹੋ ਜਾਣਦੇ ਹੋ ਆਪਣੇ ਪਰਮਪਿਤਾ ਦੇ ਕੋਲ ਆਏ ਹਾਂ। ਬਾਬਾ ਕਹਿੰਦੇ ਪਹਿਲੋਂ ਕਦੇ ਮਿਲੇ ਸੀ? ਤਾਂ ਝੱਟ ਕਹਿਣਗੇ, ਹਾਂ ਬਾਬਾ, 5000 ਸਾਲ ਪਹਿਲੇ। ਇਹ ਤੁਹਾਡਾ ਗੁਪਤ ਅੱਖਰ ਹੈ। ਹੋਰ ਕੋਈ ਕਾਪੀ(ਨਕਲ) ਨਾ ਕਰ ਸਕੇ। ਚਾਹੇ ਕ੍ਰਿਸ਼ਨ ਦਾ ਭੇਸ ਧਾਰਨ ਕਰ ਲੈਂਦੇ ਹਨ। ਕਹਿੰਦੇ ਹਨ, ਅਸੀਂ ਆਏ ਹਾਂ ਸਵਰਗ ਦੀ ਸਥਾਪਨਾ ਕਰਨ। ਪਰ ਇਹ ਗੱਲ ਕਿ 5000 ਹਜਾਰ ਵਰ੍ਹੇ ਪਹਿਲੋਂ ਵੀ ਸਵਰਗ ਸਥਾਪਨ ਕੀਤਾ ਸੀ। ਇਹ ਕਹਿ ਨਾ ਸਕਣ। ਤੁਸੀਂ ਹੀ ਕਹਿੰਦੇ ਹੋ ਬਾਬਾ 5000 ਹਜਾਰ ਸਾਲ ਪਹਿਲਾ ਅਸੀਂ ਤੁਹਾਡੇ ਕੋਲ ਵਰਸਾ ਲੈਣ ਆਏ ਸੀ। ਤੁਸੀਂ ਰਾਜਯੋਗ ਸਿਖਾਇਆ ਸੀ। ਇਹ ਆਤਮਾ ਕਹਿੰਦੀ ਹੈ ਇਸ ਸ਼ਰੀਰ ਦਵਾਰਾ। ਆਪਣੇ ਨੂੰ ਆਤਮਾ ਨਿਸ਼ਚੇ ਕਰ ਬਾਪ ਨੂੰ ਯਾਦ ਕਰਨਾ ਹੈ। ਇਸ ਵਿਚ ਸਰਵਵਿਆਪੀ ਦੀ ਗੱਲ ਹੀ ਨਹੀਂ ਹੈ। ਇਹ ਵੀ ਨਹੀਂ ਸਮਝਦੇ ਹਨ ਕਿ ਬ੍ਰਹਮਾ ਜਰੂਰ ਸਾਕਾਰ ਸ਼ਰੀਰ ਵਿਚ ਹੋਣਾ ਚਾਹੀਦਾ ਹੈ। ਜਿਸਦੇ ਦਵਾਰਾ ਪਰਮਪਿਤਾ ਪਰਮਾਤਮਾ ਸ੍ਰਿਸ਼ਟੀ ਰਚਦੇ ਹਨ।

ਪਤਿਤ ਪਾਵਨ ਬਾਪ ਆਕੇ ਸੋ ਦੇਵੀ ਦੇਵਤਾ ਬਣਾਉਂਦੇ ਹਨ। ਬਾਪ ਹੀ ਸਵਰਗ ਨੂੰ ਰਚਣ ਵਾਲਾ ਹੈ। ਤਾਂ ਜਰੂਰ ਸਵਰਗ ਦੇ ਵਿਚ ਮਨੁੱਖ ਚਾਹੀਦੇ ਹਨ। ਬਾਬਾ ਆਕੇ ਤੁਹਾਨੂੰ ਸਵਰਗ ਦਾ ਦਵਾਰਾ ਦਸਦੇ ਹਨ। ਤੁਸੀਂ ਕੋਸ਼ਿਸ਼ ਕਰਦੇ ਹੋ ਕਿ ਅਸੀਂ ਨਰਕਵਾਸੀਆਂ ਨੂੰ ਸਵਰਗ ਵਾਸੀ ਬਨਾਈਏ। ਕਿਸੇ ਵੱਡੇ ਆਦਮੀ ਨੂੰ ਸਿੱਧਾ ਕਹੋ, ਤੁਸੀਂ ਪਤਿਤ ਨਰਕ ਵਾਸੀ ਹੋ ਤਾਂ ਕਿੰਨਾ ਵਿਗੜ ਪੈਣਗੇ। ਹੁਣ ਤੁਸੀਂ ਜਾਣਦੇ ਹੋ ਅਸੀਂ ਨਰਕ ਵਿਚੋਂ ਨਿਕਲ ਸਵਰਗ ਵਿਚ ਜਾ ਰਹੇ ਹਾਂ। ਹਾਲੇ ਅਸੀਂ ਸੰਗਮਵਾਸੀ ਹਾਂ। ਅਸੀਂ ਆਤਮਾਵਾਂ ਹੁਣ ਜਾ ਰਹੀ ਹਾਂ, ਇਸ ਸ਼ਰੀਰ ਨੂੰ ਛੱਡ ਬਾਬਾ ਦੇ ਨਾਲ, ਬਾਬਾ ਦੇ ਘਰ, ਇਹ ਹੈ ਤੁਹਾਡੀ ਰੂਹਾਨੀ ਯਾਤਰਾ। ਬਾਬਾ ਦੀ ਯਾਦ ਵਿਚ ਰਹਿਣਾ ਹੈ। ਸਮਝਦੇ ਹੋ ਇਹ ਸ਼ਰੀਰ ਜਿਥੋਂ ਤੱਕ ਰਹੇਗਾ ਓਥੋਂ ਤੱਕ ਯਾਤਰਾ ਚਾਲੂ ਹੈ। ਕਰਮ ਵੀ ਤੇ ਕਰਨਾ ਹੈ ਨਾ। ਚਾਹੇ ਖਾਓ, ਪਿਓ, ਖਾਣਾ ਪਕਾਓ। ਜਿਨ੍ਹਾਂ ਸਮਾਂ ਮਿਲੇ ਬਾਪ ਨੂੰ ਯਾਦ ਕਰਨਾ ਹੈ। ਦਫਤਰ ਵਿਚ ਬੈਠਦੇ ਹੋ, ਦੇਖੋ ਫੁਰਸਤ ਹੈ ਤਾਂ ਬਾਬਾ ਦੀ ਯਾਦ ਵਿਚ ਬੈਠ ਜਾਵੋ। ਬਹੁਤ ਕਮਾਈ ਹੈ। ਗੱਡੀ ਵਿਚ ਸਫ਼ਰ ਕਰਦੇ ਹੋ, ਉਸ ਸਮੇਂ ਤੇ ਕੋਈ ਕੰਮ ਨਹੀਂ ਹੁੰਦਾ ਹੈ। ਬੈਠੇ-ਬੈਠੇ ਬਾਬਾ ਨੂੰ ਯਾਦ ਕਰਦੇ ਰਹੋ। ਹੁਣ ਅਸੀਂ ਬਾਬਾ ਦੇ ਕੋਲ ਜਾਂਦੇ ਹਾਂ। ਬਾਬਾ ਪਰਮਧਾਮ ਤੋਂ ਸਾਨੂੰ ਲੈਣ ਲਈ ਆਇਆ ਹੈ। ਅੱਛਾ ਸ਼ਾਮ ਨੂੰ ਆਪਣੇ ਘਰ ਦਾ ਖਾਣਾ ਆਦਿ ਪਕਾਉਂਦੇ ਹੋ ਤਾਂ ਇਕ ਦੋ ਨੂੰ ਯਾਦ ਕਰਵਾਓ- ਆਓ ਅਸੀਂ ਆਪਣੇ ਬਾਪ ਦੀ ਯਾਦ ਵਿਚ ਬੈਠੀਏ। ਪੁਆਇੰਟ ਵੀ ਇਕ ਦੋ ਨੂੰ ਸੁਣਾਓ। ਅਸੀਂ ਸਵਦਰਸ਼ਨ ਚੱਕਰਧਾਰੀ ਹਾਂ। ਬਾਬਾ ਕਹਿੰਦੇ ਹਨ ਤੁਸੀਂ ਲਾਈਟ ਹਾਊਸ ਵੀ ਹੋ। ਰਸਤਾ ਦੱਸਦੇ ਹੋ । ਉਠਦੇ, ਬੈਠਦੇ, ਚਲਦੇ ਤੁਸੀਂ ਲਾਈਟ ਹਾਊਸ ਹੋ। ਇਕ ਅੱਖ ਵਿਚ ਮੁਕਤੀ ਅਤੇ ਇਕ ਅੱਖ ਵਿਚ ਜੀਵਨ ਮੁਕਤੀ। ਸਵਰਗ ਇਥੇ ਸੀ। ਹੁਣ ਨਹੀਂ ਹੈ। ਹੁਣ ਤਾ ਨਰਕ ਹੈ। ਬਾਬਾ ਫਿਰ ਤੋਂ ਸਵਰਗ ਸਥਾਪਿਤ ਕਰ ਰਹੇ ਹਨ। ਬਾਪ ਕਹਿੰਦੇ ਮੈਂ ਤੁਹਾਨੂੰ ਗੁਲਗੁਲ ਬਣਾਉਂਦਾ ਹਾਂ। ਫਿਰ ਤੁਸੀਂ ਜਾ ਕੇ ਮਹਾਰਾਣੀ, ਪਟਰਾਨੀ ਬਣੋਗੇ। ਖੱਦਰ ਦੀ ਰਾਣੀ ਨਹੀਂ ਬਣਨਾ ਹੈ। ਤੁਹਾਨੂੰ 16 ਕਲਾ ਸੰਪੰਨ ਬਣਨਾ ਹੈ, ਨਾ ਕਿ 14 ਕਲਾ। ਸ੍ਰੀ ਕ੍ਰਿਸ਼ਨ 16 ਕਲਾ ਸੀ। ਤੁਸੀਂ ਬੱਚੀਆਂ ਕਿੰਨੇ ਵਰਤ, ਨੇਮ ਆਦਿ ਰੱਖਦੀਆਂ ਸੀ। ਸੱਤ ਦਿਨ ਨਿਰਜਲ ਰਹਿੰਦੀਆ ਸੀ। ਕਿੰਨੀ ਮੇਹਨਤ ਕਰਦੀ ਸੀ। ਪਰੰਤੂ ਕ੍ਰਿਸ਼ਨਪੁਰੀ ਵਿਚ ਜਾ ਨਹੀਂ ਸਕਦੇ। ਹੁਣ ਤੁਸੀਂ ਕ੍ਰਿਸ਼ਨਪੁਰੀ ਸਵਰਗ ਵਿਚ ਪ੍ਰੈਕਟੀਕਲ ਵਿਚ ਜਾਨ ਲਈ ਪੁਰਸ਼ਾਰਥ ਕਰਦੇ ਹੋ। ਕ੍ਰਿਸ਼ਨ ਨੂੰ ਦਵਾਪਰ ਵਿਚ ਲੈ ਜਾਨ ਕਾਰਨ ਸਵਰਗ ਦਾ ਕਿਸੇ ਨੂੰ ਪਤਾ ਨਹੀਂ ਚਲਦਾ। ਅਸਲ ਵਿਚ ਸੱਤ ਰੋਜ ਦਾ ਅਰਥ ਕੀ ਹੈ, ਉਹ ਤੁਸੀਂ ਹੁਣ ਜਾਣਦੇ ਹੋ। ਸਿਵਾਏ ਬਾਪ ਦੇ ਹੋਰ ਕਿਸੇ ਨੂੰ ਯਾਦ ਨਹੀਂ ਕਰਨਾ ਹੈ। ਬਾਕੀ ਨਿਰਜਲ ਆਦਿ ਦੀ ਕੋਈ ਗੱਲ ਨਹੀਂ। ਬਾਬਾ ਨੂੰ ਯਾਦ ਕਰਨ ਨਾਲ ਤੁਸੀਂ ਬਾਬਾ ਦੇ ਕੋਲ ਚਲੇ ਜਾਵੋਗੇ। ਬਾਪ ਫਿਰ ਸਵਰਗ ਵਿਚ ਭੇਜ ਦੇਣਗੇ। ਵਰਤ ਨੇਮ ਰੱਖ ਤੁਸੀਂ ਕਿੰਨੇ ਦਿਨ ਭੁੱਖੇ ਮਰਦੇ ਹੋ। ਜਨਮ ਬਾਈ ਜਨਮ ਕਿੰਨੀ ਮੇਹਨਤ ਕਰਦੇ ਹੋ। ਪ੍ਰਾਪਤੀ ਕੁਝ ਵੀ ਨਹੀਂ ਹੋਈ ਹੈ। ਹੁਣ ਤੁਹਾਨੂੰ ਓਨਾ ਤੋਂ ਛੁਡਾ ਕੇ ਸਦਗਤੀ ਦੇ ਰਸਤੇ ਤੇ ਲੈ ਜਾਂਦੇ ਹਾਂ। ਤੁਸੀਂ ਕਹਿੰਦੇ ਹੋ ਬਾਬਾ ਕਲਪ ਪਹਿਲੋਂ ਵੀ ਤੁਹਾਨੂੰ ਮਿਲੇ ਸੀ। ਸਵਰਗ ਦਾ ਵਰਸਾ ਲੈਣ ਲਈ। ਬਾਪ ਕਹਿੰਦੇ ਹਨ ਕਦਮ-2 ਤੇ ਸਲਾਹ ਲੈਂਦੇ ਰਹੋ। ਸਭ ਹਿਸਾਬ ਕਿਤਾਬ ਪੁੱਛੋ। ਬਾਬਾ ਰਾਏ ਦਿੰਦੇ ਰਹਿਣਗੇ। ਭਾਵੇਂ ਤੁਸੀਂ ਆਪਣਾ ਧੰਧਾ ਧੋਰੀ ਆਦਿ ਕਰਦੇ ਰਹੋ । ਫਿਰ ਵੀ ਬਾਬਾ ਰਾਏ ਦਿੰਦੇ ਰਹਿਣਗੇ। ਵੇਖਣਗੇ - ਇਹ ਬਹੁਤ ਧੰਧੇ ਵਿੱਚ ਵੜ ਗਏ ਹਨ ਤਾਂ ਰਾਏ ਦੇਣਗੇ। ਕਿਓਂ ਏਨਾ ਮੱਥਾ ਮਾਰਦੇ ਹੋ? ਕਿੰਨਾ ਵਕਤ ਤੁਸੀਂ ਜਿਉਗੇ। ਪੇਟ ਤਾਂ ਇਕ ਦੋ ਰੋਟੀ ਮੰਗਦਾ ਹੈ। ਓਨਾ ਨਾਲ ਗਰੀਬ ਵੀ ਚਲਦੇ ਅਤੇ ਸਾਹੂਕਾਰ ਵੀ ਚਲਦੇ ਹਨ। ਸਾਹੂਕਾਰ ਲੋਕ ਚੰਗੀ ਤਰ੍ਹਾਂ ਖਾਂਦੇ ਹਨ ਫਿਰ ਬਿਮਾਰ ਵੀ ਹੁੰਦੇ ਹਨ। ਭੀਲ ਲੋਕ ਦੇਖੋ ਕਿੰਨੇ ਮਜਬੂਤ ਹੁੰਦੇ ਹਨ। ਅਤੇ ਖਾਂਦੇ ਕੀ ਹਨ? ਕਿੰਨਾ ਕੰਮ ਕਰਦੇ ਹਨ। ਆਪਣੀ ਕੁਟੀਆ ਵਿਚ ਉਹ ਖੁਸ਼ ਰਹਿੰਦੇ ਹਨ। ਤਾਂ ਇਸ ਸਮੇਂ ਤੁਹਾਨੂੰ ਹੋਰ ਸਭ ਆਸ਼ਾਵਾਂ ਛੱਡ ਦੇਣੀਆਂ ਚਾਹੀਦੀਆ ਹਨ। ਦੋ ਰੋਟੀ ਮਿਲੀ, ਪੇਟ ਭਰਿਆ ਬਸ, ਬਾਪ ਨੂੰ ਯਾਦ ਕਰਨਾ ਹੈ। ਤੁਸੀਂ ਹੋ ਰੂਹਾਨੀ ਬੱਚੇ, ਪਰਮਪਿਤਾ ਪਰਮਾਤਮਾ ਦੇ ਮਸ਼ੂਕ ਬਣੇ ਹੋ। ਜਿਨ੍ਹਾਂ ਬਾਬਾ ਨੂੰ ਯਾਦ ਕਰੋਗੇ ਉਤਨਾ ਵਿਕਰਮ ਵਿਨਾਸ਼ ਹੋਣਗੇ ਅਤੇ ਜਿਸਨੂੰ ਯਾਦ ਕਰਦੇ ਹੋ ਉਸਨੂੰ ਜਾ ਕੇ ਮਿਲੋਗੇ। ਕਈ ਚਾਹੁੰਦੇ ਹਨ ਸਾਕਸ਼ਾਤਕਾਰ ਹੋਵੇ, ਇਹ ਹੋਵੇ। ਬਾਬਾ ਕਹਿੰਦੇ ਘਰ ਬੈਠੇ ਵੀ ਤੁਹਾਨੂੰ ਹੋ ਸਕਦਾ ਹੈ। ਸ਼ਿਵਬਾਬਾ ਨੂੰ ਯਾਦ ਕਰਨ ਨਾਲ ਤੁਹਾਨੂੰ ਬੈਕੁੰਠ ਦਾ ਸਾਕਸ਼ਾਤਕਾਰ ਹੋਵੇਗਾ, ਕ੍ਰਿਸ਼ਨਪੁਰੀ ਦੇਖਣਗੇ। ਇਥੇ ਤਾਂ ਬਾਬਾ ਤੁਹਾਨੂੰ ਬੈਕੁੰਠ ਦਾ ਮਾਲਿਕ ਬਣਾਉਂਦੇ ਹਨ। ਫਿਰ ਸਾਕਸ਼ਾਤਕਾਰ ਦੀ ਗੱਲ ਨਹੀਂ। ਮੈਨੂੰ ਯਾਦ ਕਰੋ ਕਿਉਂਕਿ ਮੈਂ ਤੁਹਾਨੂੰ ਲੈ ਜਾਨ ਲਈ ਆਇਆ ਹਾਂ। ਸ਼ਿਵਬਾਬਾ ਨੂੰ ਯਾਦ ਕਰਨਾ ਹੈ, ਉਹ ਹੀ ਕ੍ਰਿਸ਼ਨਪੁਰੀ ਦਾ ਮਾਲਿਕ ਬਣਾਉਣ ਵਾਲਾ ਹੈ। ਸ਼੍ਰੀਕ੍ਰਿਸ਼ਨ ਤਾ ਨਹੀਂ ਬਣਾਉਣਗੇ। ਸ਼ਿਵਬਾਬਾ ਨੂੰ ਯਾਦ ਕਰਨ ਨਾਲ ਤੁਹਾਨੂੰ ਬੈਕੁੰਠ ਦੀ ਬਾਦਸ਼ਾਹੀ ਮਿਲਦੀ ਹੈ। ਹੁਣ ਉਹ ਪਰਮਧਾਮ ਤੋਂ ਆਇਆ ਹੋਇਆ ਹੈ। ਜਰੂਰ ਆਏ ਹਨ ਤਾਂ ਹੀ ਤੇ ਮੰਦਿਰ ਯਾਦਗਾਰ ਬਣਿਆ ਹੈ ਨਾ। ਸ਼ਿਵ ਦਾ ਮੰਦਿਰ ਹੈ, ਸ਼ਿਵਜਯੰਤੀ ਵੀ ਮਨਾਉਂਦੇ ਹਨ। ਪਰ ਉਹ ਭਾਰਤ ਵਿਚ ਕਿਵੇਂ ਆਉਂਦੇ ਹਨ ਇਹ ਕਿਸੇ ਨੂੰ ਪਤਾ ਨਹੀਂ ਹੈ। ਸ਼੍ਰੀਕ੍ਰਿਸ਼ਨ ਦੇ ਤਨ ਵਿਚ ਤਾਂ ਨਹੀਂ ਆਉਂਦੇ। ਕ੍ਰਿਸ਼ਨ ਤਾਂ ਸਤਿਯੁਗ ਵਿਚ ਹੀ ਹੁੰਦਾ ਹੈ। ਸ਼ਿਵ ਦਾ ਬੜਾ ਭਾਰੀ ਮੰਦਿਰ ਹੈ। ਕ੍ਰਿਸ਼ਨ ਦਾ ਏਨਾ ਵੱਡਾ ਨਹੀਂ ਹੈ। ਸੋਮਨਾਥ ਦਾ ਮੰਦਿਰ ਕਿੰਨਾ ਵੱਡਾ ਹੈ। ਸ਼੍ਰੀਕ੍ਰਿਸ਼ਨ ਦੇ

ਮੰਦਿਰ ਵਿਚ ਰਾਧੇ ਕ੍ਰਿਸ਼ਨ ਨੂੰ ਬਹੁਤ ਗਹਿਣੇ ਵਿਖਾਉਂਦੇ ਹਨ। ਸ਼ਿਵ ਦੇ ਮੰਦਿਰ ਕਦੇ ਗਹਿਣੇ ਨਹੀਂ ਦਿੱਖਣਗੇ। ਹੁਣ ਸ਼ਿਵ ਬਾਬਾ ਤੇ ਵੱਡੇ ਮਹਿਲਾ ਵਿਚ ਰਹਿੰਦਾ ਨਹੀਂ ਹੈ। ਰਹਿੰਦਾ ਹੈ ਸ਼੍ਰੀਕ੍ਰਿਸ਼ਨ । ਬਾਬਾ ਕਹਿੰਦੇ ਮੈਂ ਮਹਿਲਾਂ ਵਿੱਚ ਰਹਿੰਦਾ ਹੀ ਨਹੀਂ ਹਾਂ। ਪਰੰਤੂ ਭਗਤੀ ਮਾਰਗ ਵਿਚ ਕਿੰਨਾ ਵੱਡਾ ਆਲੀਸ਼ਾਨ ਹੀਰੇ ਜਵਾਹਰਾਤ ਦਾ ਮੰਦਿਰ ਬਣਾਇਆ ਹੈ। ਜਿਨ੍ਹਾਂ ਨੂੰ ਸ਼ਿਵ ਬਾਬਾ ਦਵਾਰਾ ਸਵਰਗ ਦਾ ਵਰਸਾ ਮਿਲਿਆ ਹੈ ਓਨਾ ਨੇ ਓਨਾ ਦਾ ਮੰਦਿਰ ਏਨਾ ਉੱਚਾ ਬਣਾਇਆ ਹੈ। ਯਾਦਗਾਰ ਦੇ ਲਈ ਕਿੰਨਾ ਵੱਡਾ ਮੰਦਿਰ ਬਣਾਇਆ ਹੈ। ਤਾਂ ਉਹ ਖੁਦ ਕਿੰਨੇ ਨਾ ਸਾਹੂਕਾਰ ਹੋਣਗੇ? ਮੰਦਿਰ ਬੜਾ ਚੰਗਾ ਬਣਾਉਂਦੇ ਹਨ। ਬੰਬੇ ਵਿਚ ਬਾਬੁਰੀਨਾਥ ਵਿਚ ਸ਼ਿਵ ਦਾ ਮੰਦਿਰ ਹੈ। ਲਕਸ਼ਮੀ ਨਰਾਇਣ ਦਾ ਮਾਧਵ ਬਾਗ਼ ਵਿਚ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦਾ ਹਾਂ। ਤਾਂ ਭਗਤੀ ਮਾਰਗ ਵਿਚ ਤੁਸੀਂ ਕਿੰਨਾ ਭਾਰੀ ਮੰਦਿਰ ਬਣਾਉਂਦੇ ਹੋ ਅਤੇ ਹੁਣ ਦੇਖੋ ਕਿਵੇਂ ਝੋਪੜੀ ਵਿਚ ਬੈਠਾ ਹਾਂ। ਤੁਹਾਡਾ ਵੀ ਨਾਮ ਬਾਲਾ ਹੋਣਾ ਹੈ। ਤੁਸੀਂ ਜਾਣਦੇ ਹੋ ਕਿ ਤੁਹਾਡਾ ਫਿਰ ਮੰਦਿਰ ਬਣੇਗਾ। ਸਾਡੇ ਬਾਪ ਸ਼ਿਵ ਦੇ ਬਹੁਤ ਮੰਦਿਰ ਹਨ, ਕਮਾਲ ਹੈ। ਜਿਨ੍ਹਾਂ ਨੇ ਸੋਮਨਾਥ ਦਾ ਮੰਦਿਰ ਬਣਾਇਆ ਸੀ ਉਹ ਕਿੰਨੇ ਧਨਵਾਨ ਹੋਣਗੇ। ਹੁਣ ਤਾਂ ਕਿੰਨਾ ਗੁਪਤ ਹਾਂ! ਕਿਸੇ ਨੂੰ ਪਤਾ ਨਹੀਂ। ਤੁਸੀਂ ਜਾਨ ਗਏ ਹੋ, ਫਿਰ ਕਿਵੇਂ ਸ਼ਿਵਬਾਬਾ ਦਾ ਮੰਦਿਰ ਬਣਾਉਣਾ ਪਵੇਗਾ। ਭਗਤੀ ਮਾਰਗ ਵਿਚ ਆਉਣਗੇ। ਮੰਮਾ ਬਾਬਾ ਪਹਿਲੇ ਨੰਬਰ ਦੇ ਪੂਜੇਯ ਬਣਦੇ ਹਨ, ਬੈਕੁੰਠ ਦੇ ਮਾਲਿਕ ਬਣਦੇ ਹਨ, ਫਿਰ ਪਹਿਲੋਂ ਪਹਿਲ ਪੁਜਾਰੀ ਬਣ ਮੰਦਿਰ ਵੀ ਓਨਾ ਨੇ ਹੀ ਬਣਾਉਣਾ ਹੈ। ਤਾਂ ਦਿਲ ਵਿਚ ਕਹਿਣਗੇ ਨਾ ਅਸੀਂ ਹੀ ਪੁਜਾਰੀ ਬਣ ਮੰਦਿਰ ਬਣਾਵਾਂਗੇ। ਅਜਿਹੀਆਂ ਗੱਲਾਂ ਦਾ ਚਿੰਤਨ ਕਰਨ ਨਾਲ ਫਿਰ ਇਹ ਪੁਰਾਣੀ ਦੁਨੀਆ ਭੁੱਲ ਜਾਵੇਗੀ। ਆਪਸ ਵਿਚ ਵੀ ਇਹੋ ਜਿਹੀਆਂ ਗੱਲਾਂ ਹੀ ਕਰਨੀਆਂ ਚਾਹੀਦੀਆਂ ਹਨ ਤਾਂ ਤੁਹਾਨੂੰ ਖੁਸ਼ੀ ਬਹੁਤ ਰਹੇਗੀ। ਆਪਣੇ ਨਾਲ ਰੂਹ ਰਿਹਾਨ ਕਰੋ।

ਸੁਪਰੀਮ ਰੂਹ ਬੈਠ ਤੁਹਾਡੀ ਰੂਹ ਨੂੰ ਰਿਝਾਉਂਦੇ ਹਨ। ਇਸ ਗਿਆਨ ਨਾਲ ਖੁਸ਼ ਕਰਦੇ ਹਨ। ਤੁਸੀਂ ਕਹਿੰਦੇ ਹੋ ਅਸੀਂ ਕਲਪ ਬਾਅਦ ਫਿਰ ਤੋਂ ਆਏ ਹਾਂ। ਅਨੇਕ ਬਾਰ ਬਾਪ ਨਾਲ ਮਿਲੇ ਹਾਂ। ਵਰਸਾ ਪਾਇਆ ਹੈ। ਇਵੇਂ - ਇਵੇਂ ਆਪਸ ਵਿਚ ਗੱਲਾਂ ਕਰਨੀਆਂ ਚਾਹੀਦੀਆਂ ਹਨ। ਫਿਰ ਤੁਸੀਂ ਕਰਮਯੋਗੀ ਵੀ ਹੋ। ਚਾਹੇ ਘਰ ਵਿਚ ਖਾਣਾ ਆਦਿ ਪਕਾਓ, ਖੁਸ਼ੀ ਰਹੇਗੀ। ਤੁਸੀਂ 84 ਜਨਮਾਂ ਦੀ ਹਿਸਟਰੀ ਜਾਗਰਾਫੀ ਨੂੰ ਜਾਣਦੇ ਹੋ। ਅਸੀਂ ਹਾਲੇ ਬ੍ਰਾਹਮਣ ਬਣੇ ਹਾਂ, ਫਿਰ ਦੇਵਤਾ ਬਣ ਰਾਜ ਕਰਾਂਗੇ। ਪੁਜਾਰੀ ਤੋਂ ਪੁਜਏ ਬਣਾਂਗੇ। ਫਿਰ ਮਹਿਲ ਆਦਿ ਬਣਾਵਾਂਗੇ। ਆਪਣੀ ਹੀ ਹਿਸਟਰੀ ਜਾਗਰਾਫੀ ਸੁਣਾਉਂਦੇ ਰਹੋ। ਸਾਡੀ ਹਿਸਟਰੀ - ਜਗਰਾਫੀ ਚੱਕਰ ਕਿਵੇਂ ਲਗਾਉਂਦੀ ਹੈ। ਇਸਨੂੰ ਹੀ ਸਵਦਰਸ਼ਨ ਚੱਕਰਧਾਰੀ ਕਿਹਾ ਜਾਂਦਾ ਹੈ। ਤੁਸੀਂ ਤਿੰਨਾਂ ਲੋਕ ਨੂੰ ਜਾਨਣ ਵਾਲੇ ਹੋ। ਗਿਆਨ ਨੇਤਰ ਤੁਹਾਡਾ ਖੁੱਲ੍ਹਾ ਹੈ। ਇਸ ਚੱਕਰ ਨੂੰ ਯਾਦ ਕਰਨ ਨਾਲ ਤੁਹਾਨੂੰ ਬੜੀ ਖੁਸ਼ੀ ਰਹਿਣੀ ਚਾਹੀਦੀ ਹੈ। ਬਾਪ ਨੂੰ ਵੀ ਖੁਸ਼ੀ ਰਹਿੰਦੀ ਹੈ। ਹੁਣ ਤੁਸੀਂ ਸੇਵਾ ਵਿਚ ਹਾਜਰ ਹੋ। ਤੁਹਾਡੇ ਸੇਵਾਧਾਰੀਆਂ ਦੇ ਮੰਦਿਰ ਫਿਰ ਬਾਦ ਵਿਚ ਭਗਤੀ ਮਾਰਗ ਵਿਚ ਬਣਨਗੇ। ਹੁਣ ਮੈਂ ਤੁਹਾਡੀ ਬੱਚਿਆਂ ਦੀ ਸਰਵਿਸ ਵਿਚ ਆਇਆ ਹਾਂ। ਤੁਹਾਨੂੰ ਸਵਰਗ ਦਾ ਪੂਰਾ ਵਰਸਾ ਦੇਣ ਲਈ ਆਇਆ ਹਾਂ। ਜਿਤਨਾ ਜੋ ਪੁਰਸ਼ਾਰਥ ਕਰਨਗੇ ਉਸ ਅਨੁਸਾਰ ਸਵਰਗ ਦੇ ਮਾਲਿਕ ਬਣਨਗੇ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਚਲਦੇ ਫਿਰਦੇ ਲਾਈਟ ਹਾਊਸ ਬਣ ਸਾਰਿਆਂ ਨੂੰ ਰਸਤਾ ਦੱਸਣਾ ਹੈ। ਸਾਰੀਆਂ ਇੱਛਾਵਾਂ ਛੱਡ ਕੇ ਇਕ ਬਾਪ ਦੀ ਯਾਦ ਵਿਚ ਰਹਿਣਾ ਹੈ। ਬਾਪ ਤੋਂ ਸਲਾਹ ਲੈਂਦੇ ਰਹਿਣਾ ਹੈ।

**2.** ਗਿਆਨ ਦੀਆ ਗੱਲਾਂ ਵਿਚ ਹੀ ਰਮਨ ਕਰਨਾ ਹੈ। ਆਪਣੇ ਆਪ ਨਾਲ ਗੱਲਾਂ ਕਰਨੀਆਂ ਹਨ। ਸਵਦਰਸ਼ਨ ਚੱਕਰ ਚਲਾਉਂਦੇ ਸਦਾ ਹਰਸ਼ਿਤ(ਖੁਸ਼) ਰਹਿਣਾ ਹੈ।

ਵਰਦਾਨ:- ਯੋਗ ਦੀ ਧੁੱਪ ਨਾਲ ਅੱਥਰੂਆਂ ਦੀ ਟੈਂਕੀ ਨੂੰ ਸੁਕਾਕੇ ਰੋਣਾ ਪਰੂਫ ਬਣਨ ਵਾਲੇ ਸੁਖ ਸਵਰੂਪ ਭਵ।

ਕਈ ਬੱਚੇ ਕਹਿੰਦੇ ਹਨ ਕਿ ਫਲਾਣਾ ਦੁੱਖ ਦਿੰਦਾ ਹੈ ਇਸਲਈ ਰੋਣਾ ਆਉਂਦਾ ਹੈ। ਲੇਕਿਨ ਉਹ ਦਿੰਦੇ ਹਨ ਤੁਸੀਂ ਲੈਂਦੇ ਕਿਓਂ ਹੋ? ਉਨ੍ਹਾਂ ਦਾ ਕੰਮ ਹੈ ਦੇਣਾ, ਤੁਸੀਂ ਲਵੋ ਹੀ ਨਹੀਂ। ਪਰਮਾਤਮਾ ਦੇ ਬੱਚੇ ਕਦੇ ਰੋ ਨਹੀਂ ਸਕਦੇ। ਰੋਣਾ ਬੰਦ। ਨਾ ਅੱਖਾਂ ਦਾ ਰੋਣਾ, ਨਾ ਮਨ ਦਾ ਰੋਣਾ। ਜਿੱਥੇ ਖੁਸ਼ੀ ਹੋਵੇਗੀ ਉਥੇ ਰੋਣਾ ਨਹੀਂ ਹੋਵੇਗਾ। ਖੁਸ਼ੀ ਜਾਂ ਪਿਆਰ ਦੇ ਅੱਥਰੂਆਂ ਨੂੰ ਰੋਣਾ ਨਹੀਂ ਕਿਹਾ ਜਾਂਦਾ। ਤਾਂ ਯੋਗ ਦੀ ਧੁੱਪ ਵਿਚ ਅੱਥਰੂਆਂ ਦੀ ਟੈਂਕੀ ਨੂੰ ਸੁਕਾ ਦਵੋ, ਵਿਘਨਾਂ ਨੂੰ ਖੇਲ ਸਮਝੋ ਤਾਂ ਸੁਖ ਸਵਰੂਪ ਬਣ ਜਾਵੋਗੇ।

ਸਲੋਗਨ:- ਸਾਥੀ ਰਹਿ ਕੇ ਪਾਰਟ ਵਜਾਉਣ ਦਾ ਅਭਿਆਸ ਹੋਵੇ ਤਾਂ ਟੈਂਸ਼ਨ ਤੋਂ ਪਰੇ ਖੁਦ ਅਟੈਂਸ਼ਨ ਵਿੱਚ ਰਹੋਗੇ।

******